ੴ

# ਗੁਰਬਾਣੀ ਵਿਚਾਰ

## 83

# ਸੰਗਤਿ

ਸਤਸੰਗਤਿ ਕੈਸੀ ਜਾਣੀਐ ॥

## ਭਾਗ – ੬

## 'ਖੋਜੀ'

# ਸੰਗਤਿ

## ਭਾਗ-6

**'ਸੰਗਤਿ'** ਦੇ ਵਿਸ਼ੇ ਦੀ ਵਿਸਥਾਰ ਸਹਿਤ ਵਿਚਾਰ ਕਰਨ ਲਈ **'ਸੰਗਤਿ' ਕਰਨ ਦੇ ਤਰੀਕਿਆਂ** ਬਾਬਤ ਵਿਚਾਰ ਪਿਛਲੇ ਲੇਖ ਵਿਚ ਸ਼ੁਰੂ ਕੀਤੀ ਸੀ ।

ਪਿਛਲੇ ਭਾਗ ਵਿਚ ਤਿੰਨ ਤਰੀਕਿਆਂ – **'ਸਰੀਰਕ ਸੰਗਤ'**, **'ਮਾਨਸਿਕ ਸੰਗਤ'** ਅਤੇ 'ਸ਼ਖਸੀਅਤ ਦੀ ਸੰਗਤ' ਬਾਬਤ ਵਿਚਾਰ ਕੀਤੀ ਜਾ ਚੁਕੀ ਹੈ । ਇਸ ਲੇਖ ਵਿਚ ਸੰਗਤ ਕਰਨ ਦੇ ਕੁਝ ਹੋਰ ਤਰੀਕਿਆਂ ਬਾਬਤ ਵਿਚਾਰ ਪੇਸ਼ ਹਨ ।

**4. ਮੁਰਦਿਆਂ ਦੀ ਸੰਗਤ** : –

ਹਰ ਇਕ ਇਨਸਾਨ ਦੇ ਜੀਵਨ ਵਿਚ ਨਜ਼ਦੀਕੀ ਸੰਬੰਧੀਆਂ, ਜਿਹਾ ਕਿ – ਮਾਂ, ਬਾਪ, ਭੈਣ, ਭਰਾ, ਪਤੀ, ਪਤਨੀ, ਬਚਿਆਂ, ਮਿੱਤਰਾਂ ਅਥਵਾ ਹੋਰ ਪਿਆਰ ਵਾਲੇ ਜੀਵਾਂ ਦੀਆਂ ਮੌਤਾਂ ਹੁੰਦੀਆਂ ਰਹਿੰਦੀਆਂ ਹਨ । ਇਹਨਾਂ ਵਿਚੋਂ **ਕੁਝ 'ਮੌਤਾਂ'** ਦਾ ਮਨ ਨੂੰ ਅਤਿਅੰਤ ਦੁਖ ਤੇ **ਸਦਮਾ ਹੁੰਦਾ ਹੈ** । ਐਸੀਆਂ **ਦੁਖਦਾਈ ਮੌਤਾਂ** ਨੂੰ ਮੁੜ-ਮੁੜ ਕੇ ਯਾਦ ਅਥਵਾ **'ਚਰਚਾ'** ਕਰਕੇ ਅਸੀਂ ਇਨ੍ਹਾਂ **'ਸਦਮਿਆਂ'** ਨੂੰ ਆਪਣੇ ਹਿਰਦੇ ਦੀਆਂ **ਡੂੰਘੀਆਂ ਤੇਹਾਂ ਅਥਵਾ 'ਅੰਤਿਸ਼ਕਰਨ' ਵਿਚ ਉਤਾਰ ਲੈਂਦੇ ਹਾਂ** । ਜਦ ਭੀ ਇਹਨਾਂ ਮੁਰਦਿਆਂ ਦੀਆਂ ਯਾਦਾਂ ਉਘੜ ਕੇ ਸਾਮ੍ਹਣੇ ਆਉਂਦੀਆਂ ਹਨ, ਤਾਂ ਓਹਨਾਂ ਦੇ **'ਮੋਹ' ਵਿਚ** ਅਸੀਂ ਅਤਿਅੰਤ ਦੁਖੀ ਹੁੰਦੇ ਹਾਂ ।

ਇਸੇ ਤਰ੍ਹਾਂ ਕਿਸੇ ਵਿਰੋਧੀ ਯਾ ਘਿਰਣਤ ਪ੍ਰਾਣੀ ਦੀ **ਯਾਦ** ਆ ਜਾਵੇ ਤਾਂ ਸਾਡੇ ਅੰਦਰ **ਤੀਬਰ 'ਘਿਰਨਾਂ ਦੇ ਭਾਂਬੜ' ਮੱਚ ਪੈਂਦੇ ਹਨ,** ਜਿਸ ਦੀ ਅਗਨੀ ਵਿਚ **ਸਾਡਾ ਤਨ, ਮਨ, ਹਿਰਦਾ ਬਹੁਤ ਦੇਰ ਤਕ ਸੜਦਾ, ਬਲਦਾ, ਕੁਲਝਦਾ ਰਹਿੰਦਾ ਹੈ** । ਐਸੀਆਂ **ਘਿਰਣਤ ਯਾਦਾਂ ਦੇ ਮੁੜ-ਮੁੜ ਦੁਹਰਾਉਣ ਨਾਲ ਸਾਡੇ ਹਿਰਦੇ ਵਿਚ ਉਸ ਘਿਰਣਤ ਸ਼ਖਸ ਲਈ ਐਲਰਜੀ** (allergy) **ਹੋ ਜਾਂਦੀ ਹੈ** । ਭਾਵੇਂ ਉਹ ਸ਼ਖਸ ਮਰ-ਮੁਕ ਭੀ ਜਾਵੇ ਤਾਂ ਭੀ ਉਸ ਦੀ ਮਾੜੀ ਜਿਹੀ **ਯਾਦ** ਅਤੇ **ਯਾਦ ਰਾਹੀਂ 'ਸੰਗ' ਕਰਨ ਨਾਲ ਸਾਨੂੰ 'ਸਣ ਕਪੜੀ ਅੱਗ ਲਗ' ਜਾਂਦੀ ਹੈ** ।

'ਹਉਮੈ' ਵਿਚੋਂ 'ਮੈਂ-ਮੇਰੀ' ਦਾ ਅਹਿਸਾਸ ਉਪਜਦਾ ਹੈ — ਜਿਸ ਨਾਲ ਸਾਨੂੰ ਮਾਇਕੀ 'ਪਦਾਰਥਾਂ' ਯਾ ਸਰੀਰਾਂ ਦੀ **ਅਪਣੱਤ** ਅਥਵਾ **ਪਕੜ ਹੋ ਜਾਂਦੀ ਹੈ** । ਇਸ **'ਮੈਂ-ਮੇਰੀ' ਦੀ ਅਪਣੱਤ ਅਥਵਾ ਪਕੜ ਨੂੰ ਹੀ 'ਮੋਹ' ਕਿਹਾ ਜਾਂਦਾ ਹੈ** ।

ਜਦ ਇਨਸਾਨ ਦੀ ਮੌਤ ਹੋ ਜਾਂਦੀ ਹੈ ਤਾਂ ਸਰੀਰ ਦਾ ਨਾਸ਼ ਹੋ ਜਾਂਦਾ ਹੈ, ਪਰ 'ਰੂਹ' ਸਰੀਰ ਵਿਚੋਂ ਨਿਕਲ ਜਾਂਦੀ ਹੈ ।

ਜਿਉਂਦੇ ਸਰੀਰਾਂ ਨਾਲ ਲਗਾਤਾਰ 'ਸੰਗ' ਅਥਵਾ ਮੇਲ-ਜੋਲ ਕਰਨ ਨਾਲ **'ਮੋਹ' ਹੋ ਜਾਣਾ ਅਵੱਸ਼ ਹੈ** ਅਤੇ ਇਸ **'ਮੋਹ-ਮਮਤਾ' ਦੇ ਲਗਾਤਾਰ ਅਭਿਆਸ ਨਾਲ ਇਹ 'ਮੋਹ' ਸਾਡੇ ਚਿਤ ਦੀਆਂ ਹੇਠਲੀਆਂ ਤੈਹਾਂ ਵਿਚ ਉਤਰ ਜਾਂਦਾ ਹੈ** — ਜਿਸ ਕਾਰਨ ਉਸ ਦੀ **'ਮੌਤ' ਹੋਣ ਦੇ ਮਗਰੋਂ ਭੀ 'ਮੋਹ' ਦੀ ਅੰਸ਼ ਉਸੇ ਤਰ੍ਹਾਂ ਸਾਡੇ ਅੰਤਿਸ਼ਕਰਨ ਵਿਚ ਬਣੀ ਰਹਿੰਦੀ ਹੈ** ।

ਇਸੇ ਤਰ੍ਹਾਂ —

ਪਿਆਰ ਅਥਵਾ **'ਮੋਹ' ਵਾਲੇ 'ਮੁਰਦੇ'** ਅਤੇ
**'ਨਫ਼ਰਤ' ਵਾਲੇ ਮੁਰਦਿਆਂ**

ਦੀਆਂ **ਯਾਦਾਂ ਰਾਹੀਂ 'ਮੇਲ' ਯਾ 'ਸੰਗਤ' ਅਤਿਅੰਤ ਦੁੱਖ-ਕਲੇਸ਼, ਕੁਲਝਣਾਂ ਦਾ ਕਾਰਨ ਬਣਦੀ ਹੈ** । ਐਸੀ ਘਿਰਣਤ ਅਤੇ ਦੁਖਦਾਈ 'ਮੁਰਦਿਆਂ' ਦੀ **'ਖਿਆਲੀ ਸੰਗਤ'** ਨੂੰ ਅਸੀਂ **ਮੁੜ-ਮੁੜ ਘੋਟਦੇ ਰਹਿੰਦੇ ਹਾਂ** — ਜਿਸ ਕਾਰਨ ਇਹਨਾਂ ਦੇ **'ਸਦਮੇ' ਯਾ 'ਘਿਰਣਾ'** ਦੀ ਰੰਗਤ ਸਾਡੇ ਅੰਤਿਸ਼ਕਰਨ ਵਿਚ ਹੋਰ ਡੂੰਘੀ ਉਤਰਦੀ ਜਾਂਦੀ ਹੈ, ਜੋ **ਕਈ ਜਨਮਾਂ ਤਾਈਂ ਦੁੱਖ-ਕਲੇਸ਼ ਦਾ ਕਾਰਨ ਬਣਦੀ ਹੈ** ।

ਦੂਜੇ ਲਫ਼ਜ਼ਾਂ ਵਿਚ ਐਸੇ **'ਮੋਹ' ਯਾ 'ਘਿਰਣਾ'** ਵਾਲੇ ਕਈ 'ਮੁਰਦੇ' ਅਸੀਂ ਆਪਣੇ **ਅੰਤਿਸ਼ਕਰਨ ਵਿਚ ਅਜਾਈਂ, ਖ਼ਾਹ-ਮਖ਼ਾਹ 'ਵਸਾਏ' ਹੋਏ ਹਨ,** ਜਿਹੜੇ ਕਈ ਜਨਮਾਂ ਤਾਈਂ ਅਤਿਅੰਤ **ਦੁੱਖ-ਕਲੇਸ਼-ਕੁਲਝਣਾਂ ਦਾ ਕਾਰਨ ਬਣਦੇ ਹਨ** ।

ਇਹੁ ਜਗੁ ਮੋਹ ਹੇਤ ਬਿਆਪਿਤੰ ਦੁਖੁ ਅਧਿਕ ਜਨਮ ਮਰਣੰ ॥ (ਪੰਨਾ-੫੦੫)

ਇਸ ਤਰ੍ਹਾਂ ਅਸੀਂ ਆਪਣੇ ਹਿਰਦੇ ਅਥਵਾ **ਅੰਤਿਸ਼ਕਰਨ ਅੰਦਰ ਆਪੂੰ ਵਸਾਇਆ ਹੋਇਆ 'ਕਬਰਸਤਾਨ' ਲਈ ਫਿਰਦੇ ਹਾਂ** ।

ਦੂਜੇ ਲਫ਼ਜ਼ਾਂ ਵਿਚ ਐਸੀਆਂ **'ਮੋਹ-ਮਾਇਆ' ਵਾਲੇ ਮੁਰਦਿਆਂ ਦੀਆਂ 'ਯਾਦਾਂ'** — 'ਭੂਤ-ਪ੍ਰੇਤ' ਵਾਂਗ ਸਾਡੇ ਅੰਤਿਸ਼ਕਰਨ ਦੇ ਕਿਸੇ ਖਲ-ਖੂੰਜੇ ਵਿਚ **ਵਸੀਆਂ ਹੋਈਆਂ ਹਨ,** ਜਿਨ੍ਹਾਂ ਨੂੰ ਅਸੀਂ **'ਮੋਹ' ਦੇ ਜਜ਼ਬਾਤ ਨਾਲ ਪਾਲਦੇ-ਪੋਸਦੇ ਰਹਿੰਦੇ ਹਾਂ** ਅਤੇ ਇਹਨਾਂ ਦੀ **ਯਾਦ ਦੁਆਰਾ 'ਸੰਗਤ' ਕਰਕੇ ਦੁੱਖ-ਕਲੇਸ਼ ਭੋਗਦੇ ਰਹਿੰਦੇ ਹਾਂ** ।

ਇਹਨਾਂ ਮੁਰਦਿਆਂ ਨੂੰ **'ਯਾਦ ਅਥਵਾ ਚੇਤੇ' ਕਰਨਾ** ਹੀ ਆਪਣੇ ਅੰਦਰ **'ਭੂਤਾਂ' ਨੂੰ 'ਜਗਾਉਣਾ' ਹੈ** ਅਤੇ **ਉਹਨਾਂ ਦੀ 'ਕੁਸੰਗਤ' ਕਰਨਾ ਹੈ** ।

ਮਰੇ ਹੋਏ ਅਣਹੋਂਦੇ 'ਸਰੀਰ' ਨੂੰ **ਯਾਦ ਕਰਨਾ** ਅਤੇ **ਉਸ 'ਮੁਰਦੇ' ਦੀ 'ਖਿਆਲੀ ਸੰਗਤ' ਕਰਕੇ ਦੁਖੀ ਹੋਣਾ**, ਸਾਡੀ ਅਗਿਆਨਤਾ ਦਾ **ਘੋਰ ਭਰਮ ਹੈ — ਜਿਸ ਵਿਚ ਸਾਰਾ ਸੰਸਾਰ ਪਰਵਿਰਤ ਹੈ ।**

ਵੀਰਵਾਰਿ ਵੀਰ ਭਰਮਿ ਭੁਲਾਏ ॥
ਪ੍ਰੇਤ ਭੂਤ ਸਭਿ ਦੂਜੈ ਲਾਏ ॥ (ਪੰਨਾ-੮੪੧)

ਗੁਰਬਾਣੀ ਵਿਚ ਐਸੇ ਝੂਠੇ ਮੋਹ-ਪਿਆਰ ਨੂੰ ਇਉਂ ਦਰਸਾਇਆ ਗਿਆ ਹੈ —

ਨਾਨਕ ਮਨਮੁਖਿ ਅੰਧੁ ਪਿਆਰੁ ॥ (ਪੰਨਾ-੧੩੮)

ਏਤੁ ਮੋਹਿ ਫਿਰਿ ਜੂਨੀ ਪਾਹਿ ॥
ਮੋਹੇ ਲਾਗਾ ਜਮ ਪੁਰਿ ਜਾਹਿ ॥ (ਪੰਨਾ-੩੫੬)

ਮੂਏ ਕਉ ਰੋਵਹਿ ਕਿਸਹਿ ਸੁਣਾਵਹਿ
ਭੈ ਸਾਗਰ ਅਸਰਾਲਿ ਪਇਆ ॥ (ਪੰਨਾ-੯੦੬)

ਬਾਲਕੁ ਮਰੈ ਬਾਲਕ ਕੀ ਲੀਲਾ ॥ ਕਹਿ ਕਹਿ ਰੋਵਹਿ ਬਾਲੁ ਰੰਗੀਲਾ ॥
ਜਿਸ ਕਾ ਸਾ ਸੋ ਤਿਨ ਹੀ ਲੀਆ ਭੂਲਾ ਰੋਵਣਹਾਰਾ ਹੇ ॥
ਭਰਿ ਜੋਬਨਿ ਮਰਿ ਜਾਹਿ ਕਿ ਕੀਜੈ ॥ ਮੇਰਾ ਮੇਰਾ ਕਰਿ ਰੋਵੀਜੈ ॥
ਮਾਇਆ ਕਾਰਣਿ ਰੋਇ ਵਿਗੂਚਹਿ ਧ੍ਰਿਗੁ ਜੀਵਣੁ ਸੰਸਾਰਾ ਹੇ ॥ (ਪੰਨਾ-੧੦੨੭)

ਇਸੇ ਤਰ੍ਹਾਂ **ਜੀਉਂਦੇ ਵੈਰੀ ਲਈ ਘਿਰਨਾ ਦੇ ਵਲਵਲਿਆਂ ਦੇ ਅਭਿਆਸ ਦੁਆਰਾ** ਸਾਡੇ ਚਿੱਤ ਦੀਆਂ ਡੂੰਘੀਆਂ ਤੈਹਾਂ ਵਿਚ **ਇਸ 'ਵੈਰ' ਦੀ ਘਿਰਨਾਂ ਉਤਰ ਜਾਂਦੀ ਹੈ** । ਸਮਾਂ ਪਾ ਕੇ **ਇਹ ਘਿਰਨਾਂ, ਐਲਰਜੀ ਦਾ ਰੂਪ ਧਾਰ ਲੈਂਦੀ ਹੈ** — ਜੋ ਵੈਰੀ ਦੀ **ਮੌਤ ਤੋਂ ਬਾਦ ਭੀ ਉਸੇ ਤਰ੍ਹਾਂ ਬਣੀ ਰਹਿੰਦੀ ਹੈ ।**

ਜਦ ਭੀ ਐਸੇ ਮੋਏ ਹੋਏ ਘਿਰਣਤ ਬੰਦੇ ਦੀ **'ਯਾਦ'** ਆਵੇ ਤਾਂ ਸਾਡੀ **ਦ੍ਰਿੜ੍ਹ ਕੀਤੀ 'ਐਲਰਜੀ' ਦੀ 'ਅੰਸ' ਮੁੜ 'ਜਾਗ' ਪੈਂਦੀ ਹੈ ਅਤੇ ਅਸੀਂ** ਈਰਖਾ, ਦਵੈਤ, ਵੈਰ, ਵਿਰੋਧ, ਨਫਰਤ, ਕ੍ਰੋਧ ਅਤੇ ਬਦਲੇ ਦੀ ਭਾਵਨਾ ਵਿਚ **ਅਜਾਈਂ ਸੜਦੇ, ਬਲਦੇ ਅਤੇ ਕੁਲਝਦੇ ਰਹਿੰਦੇ ਹਾਂ ।**

ਇਸ ਤਰ੍ਹਾਂ **'ਘਿਰਨਾ' ਦੀ ਅੱਗ ਅਥਵਾ 'ਐਲਰਜੀ' ਦੇ ਹਰ ਦੌਰੇ** ਨਾਲ ਸਾਡਾ ਤਨ-ਮਨ ਸੜ-ਬਲ ਕੇ ਕਾਲਾ ਸਿਆਹ ਤੇ **ਮੰਨੂਰ ਹੁੰਦਾ ਜਾਂਦਾ ਹੈ** । ਬਲਕਿ ਆਪਣੀ **ਘਿਰਨਾਂ ਦੀਆਂ ਤੀਖਣ ਕਿਰਨਾਂ** (vibrations) **ਰਾਹੀਂ ਮੁਰਦੇ 'ਵੈਰੀ' ਦੀ ਰੂਹ ਨੂੰ ਜਾ ਸਾੜਦੇ ਹਾਂ ।**

ਇਸ ਤਰ੍ਹਾਂ ਸਾਡੀ ਮੌਤ ਤੋਂ ਮਗਰੋਂ ਭੀ **ਘਿਰਨਾਂ ਦੀ ਰੰਗਤ ਨਾਲ ਲਥ-ਪਥ ਹੋਈ ਸਾਡੀ 'ਰੂਹ', 'ਭੂਤ-ਪ੍ਰੇਤ' ਦਾ ਸੂਖਮ ਰੂਪ ਧਾਰ ਲੈਂਦੀ ਹੈ** ਅਤੇ ਪੁਰਾਣੇ 'ਬਦਲੇ' ਦੀ

ਭਾਵਨਾ ਦੀ ਪੂਰਤੀ ਲਈ ਸਾਡੀ ਰੂਹ **'ਭੂਤ' ਬਣ ਕੇ ਵੈਰੀ ਨੂੰ ਜਾ ਚਿੰਬੜਦੀ ਹੈ ਤੇ ਉਸ ਨੂੰ ਦੁਖੀ ਕਰਕੇ ਆਪਣੀ ਤਸੱਲੀ ਕਰਦੀ ਹੈ ।**

ਇਸੇ ਤੀਖਣ 'ਮੋਹ' ਯਾ **ਘਿਰਨਾ ਦੀ ਅੰਸ, 'ਰੰਗਤ' ਅਥਵਾ ਐਲਰਜੀ ਕਾਰਨ ਸਾਨੂੰ 'ਭੂਤਾਂ-ਪ੍ਰੇਤਾਂ' ਦੀ ਜੂਨ ਭੀ ਧਾਰਨੀ ਪੈਂਦੀ ਹੈ** — ਜੋ ਕਿ **ਅਤਿਅੰਤ ਦੁਖਦਾਈ 'ਨਰਕ ਘੋਰ' ਕਾ ਦੁਆਰਾ ਹੈ ।**

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥
ਏਹ ਜਮ ਕੀ ਸਿਰਕਾਰ ਹੈ
ਏਨ੍ਾ ਉਪਰਿ ਜਮ ਕਾ ਡੰਡੁ ਕਰਾਰਾ ॥ (ਪੰਨਾ-੫੧੩)

ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ ॥
ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ ਦੋਸੁ ॥ (ਪੰਨਾ-੧੦੦੯)

**'ਮੋਹ' ਯਾ 'ਘਿਰਨਾ' ਦੇ ਤੀਖਣ ਵਲਵਲੇ, ਦੋਹਾਂ ਰੂਹਾਂ ਲਈ, ਜੀਉਂਦਿਆਂ ਅਤੇ ਮੌਤ ਤੋਂ ਬਾਦ ਭੀ, ਅਤਿਅੰਤ ਦੁਖਦਾਈ ਅਤੇ ਹਾਨੀਕਾਰਕ ਹਨ ।**

ਇਹਨਾਂ ਵਿਚਾਰਾਂ ਤੋਂ ਸਪਸ਼ਟ ਹੈ ਕਿ **'ਜਿਉਂਦਿਆਂ' ਦੀ 'ਕੁਸੰਗਤ' ਨਾਲੋਂ 'ਮੁਰਦਿਆਂ' ਦੀ 'ਕੁਸੰਗਤ' ਜ਼ਿਆਦਾ ਹਾਨੀਕਾਰਕ ਅਤੇ ਅਤਿਅੰਤ ਦੁਖਦਾਈ ਹੈ ।**

ਐਸੀ 'ਜਿਉਂਦਿਆਂ' ਅਤੇ 'ਮੁਰਦਿਆਂ' ਦੀ **ਕੁਸੰਗਤ ਤੋਂ 'ਬਚਣ' ਲਈ** ਗੁਰਬਾਣੀ ਵਿਚ ਇਹ ਨੁਸਖੇ ਦਸੇ ਗਏ ਹਨ —

'ਰੋਸੁ ਨ ਕਾਹੂ ਸੰਗ ਕਰਹੁ'
'ਆਪਨ ਆਪੁ ਬੀਚਾਰਿ'
'ਪਰ ਕਾ ਬੁਰਾ ਨ ਰਾਖਹੁ ਚੀਤ'
'ਬੁਰੇ ਦਾ ਭਲਾ ਕਰਿ'
'ਗੁਸਾ ਮਨਿ ਨ ਹਢਾਇ'
'ਨਿੰਦਾ ਭਲੀ ਕਿਸੈ ਕੀ ਨਾਹੀ'
'ਖਿਮਾ ਧੀਰਜ' ਦੀ ਆਦਤ,
'ਨਾ ਕੋ ਬੈਰੀ ਨਹੀ ਬਿਗਾਨਾ'
'ਦਇਆ ਜਾਣੈ ਜੀਅ ਕੀ'
'ਚਲਣ ਜਾਣਿ ਜੁਗਤਿ ਮਿਹਮਾਣਾ'
'ਪਰਨਿੰਦਾ ਸੁਣਿ ਆਪੁ ਹਟਾਵੈ'
"ਛੋਡਿ ਅਉਗਣ ਚਲੀਐ" ।

ਇਸ ਦਾ ਮਤਲਬ ਇਹ ਹੈ ਕਿ ਜਦ ਕੋਈ ਸਾਡੇ ਨਾਲ ਵਧੀਕੀ ਯਾ ਬੇਇਨਸਾਫ਼ੀ ਕਰੇ ਤਾਂ ਮਨ ਵਿਚ **'ਰੋਸ' ਕਰਨ ਦੀ ਬਜਾਏ** ਉਸ ਗੱਲ ਨੂੰ ਉਸੇ ਵੇਲੇ **'ਹਉ' ਅਥਵਾ 'ਕੋਈ ਨਾ' ਕਹਿ ਕੇ ਭੁਲਾ ਦਿਉ** ਅਤੇ ਉਸ ਨੂੰ **'ਖ਼ਿਮਾ' ਕਰ ਦਿਉ ।** ਜੇ ਉਸੇ ਵੇਲੇ **'ਰੋਸ' ਵਾਲੀ ਗੱਲ ਨੂੰ ਭੁਲਾਇਆ ਨਾ ਗਿਆ ਤਾਂ ਇਹ 'ਰੋਸੇ-ਗਿਲੇ' ਸਾਡੇ ਮਨ ਦੀ ਫੱਟੀ ਉਤੇ ਉਕਰੇ ਜਾਣਗੇ** ਅਤੇ **ਸਹਿਜੇ-ਸਹਿਜੇ ਇਹ ਅੰਤਿਸ਼ਕਰਨ ਵਿਚ ਧਸ, ਵਸ, ਰਸ ਕੇ ਐਲਰਜੀ ਬਣ ਜਾਵੇਗੀ, ਜੋ ਮੌਤ ਤੋਂ ਬਾਦ ਭੀ ਸਾਡੇ ਨਾਲ ਹੀ ਜਾਵੇਗੀ ।** ਇਸ ਤਰ੍ਹਾਂ ਅਸੀਂ ਇਨ੍ਹਾਂ **ਰੋਸੇ-ਗਿਲਿਆਂ ਦੀ ਯਾਦ ਦੁਆਰਾ ਉਨ੍ਹਾਂ ਨਾਲ 'ਕੁਸੰਗਤ' ਕਰਦੇ ਰਹਾਂਗੇ ।**

**Forgive and forget at once**
**Malice against none,**
**Love for all.**

5. **ਕੁਦਰਤ ਦੀ ਸੰਗਤ :—**

ਸੰਸਾਰ ਵਿਚ ਅਕਾਲ ਪੁਰਖ ਨੇ **ਬੇਅੰਤ ਰੰਗਾਂ-ਰੂਪਾਂ ਵਿਚ ਆਪਣੀ ਸੋਹਣੀ-ਮਨਮੋਹਣੀ 'ਕੁਦਰਤ' ਰਚੀ ਹੋਈ ਹੈ,** ਆਪ ਹੀ ਇਸ **'ਕੁਦਰਤ'** ਅੰਦਰ ਗੁਪਤ ਸਰੂਪ ਵਿਚ ਰਵਿ ਰਹਿਆ ਭਰਪੂਰ ਹੈ ਅਤੇ ਆਪਣੇ 'ਹੁਕਮ' ਦੁਆਰਾ **'ਚੋਜ ਵਿਡਾਣਾ' ਕਰ ਰਿਹਾ ਹੈ ।**

ਕੁਦਰਤਿ ਕਰਿ ਕੈ ਵਸਿਆ ਸੋਇ ॥ (ਪੰਨਾ-੮੩)

ਨਿਕਟਿ ਜੀਅ ਕੈ ਸਦ ਹੀ ਸੰਗਾ ॥
ਕੁਦਰਤਿ ਵਰਤੈ ਰੂਪ ਅਰੁ ਰੰਗਾ ॥ (ਪੰਨਾ-੩੭੬)

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥...
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥...
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ (ਪੰਨਾ-੪੬੪)

ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥ (ਪੰਨਾ-੪੬੯)

ਆਪੇ ਜਲਿ ਥਲਿ ਵਰਤਦਾ ਮੇਰੇ ਗੋਵਿਦਾ ਰਵਿ ਰਹਿਆ ਨਹੀ ਦੂਰੀ ਜੀਉ ॥
ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿਦਾ
ਹਰਿ ਆਪਿ ਰਹਿਆ ਭਰਪੂਰੀ ਜੀਉ ॥ (ਪੰਨਾ-੧੭੪)

ਸਾਡਾ ਮਨ 'ਮਾਇਆ' ਵਿਚ ਗਲਤਾਨ ਹੋ ਕੇ **ਇਤਨਾ ਅਸਥੂਲ ਅਥਵਾ ਮਨੂਰ ਹੋ ਚੁਕਿਆ ਹੈ ਕਿ ਸਾਨੂੰ ਇਸ 'ਸੁਹਾਣ ਤੇਰੀ ਕੁਦਰਤ' ਵਲ ਦੇਖਣ ਦੀ 'ਫੁਰਸਤ' ਯਾ 'ਲੋੜ' ਹੀ ਨਹੀਂ ਭਾਸਦੀ ।** ਕਿਉਂਕਿ ਕੁਦਰਤ ਦੇ ਬੇਅੰਤ ਸਰੂਪਾਂ ਦੇ 'ਦ੍ਰਿਸ਼' ਅਤੇ **ਸੁਹਣਪ ਨੂੰ ਮਾਨਣ ਲਈ ਸਾਡੇ ਅੰਦਰ 'ਭਾਵਨੀ' ਹੀ ਨਹੀਂ ਹੁੰਦੀ ।**

ਬਾਗ, ਬਗੀਚੇ, ਪਾਰਕਾਂ ਅਥਵਾ ਜੰਗਲਾਂ ਵਿਚ **ਕੁਦਰਤ ਦੇ 'ਦਰਸ਼ਨ' ਮਾਨਣ ਲਈ** ਸਾਨੂੰ ਫੁਰਸਤ ਹੀ ਨਹੀਂ ਅਤੇ ਨਾ ਹੀ ਇਸ ਲਈ ਖਰਚਾ ਅਤੇ ਉਦਮ ਕਰਨ ਲਈ ਤਿਆਰ ਹੁੰਦੇ ਹਾਂ । ਇਹੋ ਕਾਰਨ ਹੈ ਕਿ ਹਰ ਸ਼ਹਿਰ ਵਿਚ ਕਈ ਬਾਗ ਬਗੀਚੇ ਅਤੇ ਪਾਰਕਾਂ ਦੇ ਹੁੰਦਿਆਂ ਭੀ **ਬਹੁਤ ਥੋੜੇ ਪ੍ਰਾਣੀ ਹੀ ਇਹਨਾਂ ਨੂੰ ਦੇਖਣ ਜਾਂਦੇ ਹਨ ਯਾ ਅਨੰਦ ਮਾਣਦੇ ਹਨ ।**

ਜਦ ਅਸੀਂ ਕੁਦਰਤ ਦੇ **ਵਿਲੱਖਣ ਅਤੇ ਸੋਹਣੇ ਸਰੂਪਾਂ ਦਾ ਰੰਗ ਮਾਣਦੇ ਹਾਂ** ਤਾਂ ਅਸੀਂ **ਕੁਦਰਤ ਨਾਲ 'ਸੰਗ' ਅਥਵਾ 'ਸੰਗਤ' ਕਰਦੇ ਹੁੰਦੇ ਹਾਂ । ਐਸੀ ਕੁਦਰਤ ਦੀ 'ਸੰਗਤ' ਕਰਨ ਵਾਲੇ ਅਤੇ ਰੰਗ ਮਾਨਣ ਵਾਲੇ ਪ੍ਰਾਣੀ ਵੀ ਬਹੁਤ ਘੱਟ ਹੁੰਦੇ ਹਨ।**

ਪਰ **ਕੁਦਰਤ ਦੇ ਬਾਹਰਲੇ ਰੰਗ ਰੂਪ ਨੂੰ ਮਾਨਣਾ** ਮਨ ਦੀ **'ਮਾਨਸਿਕ ਸੰਗਤ' ਹੀ ਹੈ ।** ਜਿਵੇਂ – ਕਵੀ, ਫ਼ਿਲਾਸਫ਼ਰ, ਚਿੱਤਰਕਾਰ, ਸੰਗੀਤਕਾਰ ਅਤੇ ਗਾਇਕ ਆਦਿ ਕਲਾਕਾਰ, ਕੋਮਲ ਮਨ ਹੋਣ ਕਾਰਨ, ਆਮ ਜੀਵਾਂ ਨਾਲੋਂ ਜ਼ਿਆਦਾ ਕੁਦਰਤ ਤੋਂ ਲਾਹਾ ਲੈਂਦੇ ਹਨ ।

ਇਸ ਤੋਂ ਅਗੇ ਗੁਰਮੁਖ ਜਨ ਕੁਦਰਤ ਦੇ ਪਿਛੋਕੜ ਵਿਚ **ਰਵਿ ਰਹੇ ਗੁਪਤ 'ਕਰਤੇ' ਅਥਵਾ ਅਕਾਲ ਪੁਰਖ ਦੀ 'ਹਸਤੀ' ਨੂੰ ਬੁਝ, ਚੀਨ ਅਤੇ ਪਹਿਚਾਨ ਕੇ, ਉਸ ਦੀ** –

ਹੋਂਦ
ਸ਼ਕਤੀ
ਕਲਾਕਾਰੀ
ਕੋਮਲ ਹੁਨਰੀ
ਰੰਗ
ਰਸ
ਸਹਜ
ਸੋਹਣਪ
ਵਿਲੱਖਣ ਸਰੂਪਾਂ ਦੇ ਦਰਸ਼ਨਾਂ

**ਨੂੰ 'ਮਾਣਕੇ' ਅਤੇ ਉਸ ਦੀ 'ਸਮੀਪਤਾ' ਅਥਵਾ 'ਸੰਗਤਿ' ਵਿਚ** ਸ਼ਰਧਾ ਭਾਵਨੀ, ਸ਼ੁਕਰਾਨਾ, ਪ੍ਰੇਮ-ਸਵੈਪਨਾ, 'ਵਾਹ-ਵਾਹ', ਅਸਚਰਜਤਾ ਅਤੇ ਵਿਸਮਾਦ ਦਾ

**'ਆਤਮ-ਰੰਗ' ਤੇ 'ਰਸ' ਮਾਣਦੇ ਹੋਏ, ਕਿਸੇ ਅਕਹਿ ਬਿਸਮਾਦੀ ਮਸਤੀ ਵਿਚ ਬੇਖ਼ੁਦ ਹੋ ਜਾਂਦੇ ਹਨ ।**

ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥...
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥ (ਪੰਨਾ-੪੬੩-੬੪)

ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ ਜਾਇ ॥ (ਪੰਨਾ-੫੧੫)

ਹਉ ਬਨੁ ਬਨੋ ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ ॥
ਤ੍ਰਿਭਵਣੋ ਤੁਝਹਿ ਕੀਆ ਸਭੁ ਜਗਤੁ ਸਬਾਇਆ ਰਾਮ ॥ (ਪੰਨਾ-੪੩੭)

**ਇਹ ਕੁਦਰਤ ਦੀ 'ਆਤਮਿਕ ਸੰਗਤ' ਹੈ**, ਜਿਸ ਦੁਆਰਾ ਅਸੀਂ **ਅਣੋਖੇ ਇਲਾਹੀ ਅਹਿਲਾਦ ਦੇ ਹਲੋਰੇ ਅਥਵਾ ਝਲਕਾਰੇ ਦਾ ਰੰਗ-ਰਸ ਮਾਣਦੇ ਹਾਂ** — ਜਿਸ ਨੂੰ ਗੁਰਬਾਣੀ ਵਿਚ 'ਸਬਦ' ਯਾ 'ਨਾਮ' ਕਿਹਾ ਗਿਆ ਹੈ ।

ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥
(ਪੰਨਾ-੫੯੭)

ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥
ਗੁਰ ਸਬਦੀ ਸਭ ਬ੍ਰਹਮੁ ਪਛਾਨਿਆ ॥ (ਪੰਨਾ-੧੦੪੩)

**6. ਬਚਨਾਂ ਦੀ ਸੰਗਤ** :—

ਮਨ ਦੇ ਖਿਆਲਾਂ ਅਤੇ ਵਲਵਲਿਆਂ ਨੂੰ ਭਾਸ਼ਾ ਦੇ ਸਰੂਪ ਵਿਚ ਰਸਨਾ ਦੁਆਰਾ **ਪ੍ਰਗਟਾਵੇ ਨੂੰ 'ਬਚਨ' ਅਥਵਾ 'ਬੋਲੀ' ਕਿਹਾ ਗਿਆ ਹੈ ।**

ਸਾਡੇ **ਖਿਆਲਾਂ ਦੀ 'ਰੰਗਤ' ਅਨੁਸਾਰ ਸਾਡੇ 'ਬਚਨਾਂ' ਦੀ 'ਰੰਗਤ' ਹੁੰਦੀ ਹੈ ।** ਜਿਹਾ ਕਿ ਆਦਰ-ਭਾਉ, **ਸ਼ਰਧਾ ਅਤੇ ਪਿਆਰ ਦੇ ਵਲਵਲਿਆਂ ਦੇ ਪ੍ਰਗਟਾਵੇ ਲਈ ਸ਼ਾਤਮਈ, ਸੁਹਾਵਣੇ, ਕੋਮਲ, ਮਿਠੇ ਬਚਨ ਸਹਿਜ-ਸੁਭਾਇ ਮੂੰਹ ਵਿਚੋਂ ਨਿਕਲਦੇ ਹਨ**, ਜਿਸ ਨਾਲ ਮਨ ਵਿਚ **ਸਤਿਕਾਰ, ਪਿਆਰ, ਠੰਢ ਅਤੇ ਸ਼ਰਧਾ-ਭਾਵਨੀ ਉਪਜਦੀ ਹੈ ।**

ਇਸ ਦੇ ਉਲਟ — ਈਰਖ਼ਾ, ਦਵੈਤ, ਕ੍ਰੋਧ, ਘਿਰਨਾਂ ਦੇ ਵਲਵਲਿਆਂ ਦੇ ਪ੍ਰਗਟਾਵੇ ਲਈ **ਕਠੋਰ, ਕੌੜੇ, ਫਿਕੇ, ਹਿਰਦੇ-ਵੇਧਕ ਬਚੰਨ ਵਰਤੇ ਜਾਂਦੇ ਹਨ**, ਜਿਸ ਨਾਲ ਅਜਿਹੀਆਂ ਹੀ ਘਿਰਨਾਂ ਅਤੇ ਬਦਲੇ ਦੀਆਂ ਤੀਖਣ ਭਾਵਨਾਵਾਂ ਉਪਜਦੀਆਂ ਹਨ ।

ਭਾਵੇਂ ਇਹ ਕਠੋਰ ਬਚਨ – 'ਤੀਰ ਦੀ ਤਰ੍ਹਾਂ' ਖਿਨ ਪਲ ਵਿਚ ਸੁਣੇ ਤੇ ਸੁਣਾਏ ਜਾਂਦੇ ਹਨ, ਪਰ ਇਹਨਾਂ **'ਬਚਨਾਂ' ਅਥਵਾ 'ਬੋਲਾਂ' ਦਾ ਅਸਰ ਮਨ ਉਤੇ ਗਹਿਰਾ ਉਕਰਿਆ ਜਾਂਦਾ ਹੈ ਅਤੇ ਬੇਅੰਤ ਸਮੇਂ ਤਾਈਂ ਇਨ੍ਹਾਂ ਮਾਨਸਿਕ ਜ਼ਖਮਾਂ ਦੀਆਂ 'ਚੀਸਾਂ' ਭੁਗਤਦੇ ਹਾਂ । ਐਸੇ ਤਾਹਨੇ-ਮਿਹਣੇ ਵਾਲੇ ਤੀਖਣ 'ਬੋਲਾਂ' ਨੂੰ ਮੁੜ-ਮੁੜ ਯਾਦ ਕਰਕੇ 'ਮਾਨਸਿਕ ਜ਼ਖਮਾਂ' ਨੂੰ ਤਾਜ਼ਾ ਕਰੀ ਜਾਂਦੇ ਹਾਂ ਤੇ ਇਹਨਾਂ ਦੀਆਂ ਗਹਿਰੀਆਂ ਤੀਖਣ ਚੀਸਾਂ ਵਿਚ ਸੜਦੇ ਬਲਦੇ, ਕੁਲਝਦੇ ਰਹਿੰਦੇ ਹਾਂ ।**

ਐਸੇ **ਕਠੋਰ 'ਬਚਨਾਂ' ਨੂੰ** –

**ਸੁਣਨਾ,**
ਸੁਣ ਕੇ ਉਹਨਾਂ ਦਾ **ਅਸਰ ਕਬੂਲ ਕਰਨਾ** ਅਤੇ
ਮੁੜ-ਮੁੜ ਉਹਨਾਂ 'ਬੋਲਾਂ' ਨੂੰ **ਘੋਟਣਾ**

**ਹੀ 'ਬਚਨਾਂ' ਰਾਹੀਂ 'ਕੁਸੰਗਤ' ਕਰਨੀ ਹੈ ।**

ਉਦਾਹਰਣ ਦੇ ਤੌਰ ਤੇ ਕਿਸੇ 'ਸੱਸ' ਦੁਆਰਾ 'ਨੂੰਹ' ਨੂੰ **ਕੋਈ ਤਾਹਨਾ ਮਾਰਿਆ ਜਾਵੇ** ਕਿ –

'ਕੁਲੱਖਣੀ'
'ਕੁਚੱਜੀ' ਆਦਿ ।

'ਸੱਸ' ਦੇ ਐਸੇ **'ਮਿਹਣੇ'** ਅਥਵਾ **ਬਚਨਾਂ ਦੇ ਤੀਰ** ਨੂੰਹ ਦੇ ਮਨ, ਚਿਤ, ਹਿਰਦੇ ਦੀਆਂ ਡੂੰਘਿਆਈਆਂ ਵਿਚ ਧਸ-ਵਸ-ਰਸ ਜਾਂਦੇ ਹਨ, ਜਿਨ੍ਹਾਂ ਨੂੰ ਨਿਤਾ-ਪ੍ਰਤੀ, ਮੁੜ-ਮੁੜ ਯਾਦ ਕਰਕੇ 'ਨੂੰਹ' ਘਿਰਨਾ ਅਤੇ ਕੁਲਝਣਾ ਦੇ 'ਭੱਠ' ਵਿਚ ਸੜਦੀ ਬਲਦੀ ਰਹਿੰਦੀ ਹੈ । ਜਿਸ ਦੇ ਨਤੀਜੇ ਵਜੋਂ 'ਪੇਕੇ-ਸੌਹਰੇ' ਦੇ ਦੋਹਾਂ ਪ੍ਰਵਾਰਾਂ ਵਿਚ ਵੈਰ-ਵਿਰੋਧ ਅਤੇ ਘਿਰਨਾਂ ਦੁਆਰਾ **ਪਾੜਾ ਵਧਦਾ ਜਾਂਦਾ ਹੈ ।**

ਇਸ ਤਰ੍ਹਾਂ ਜਿਤਨੀ **ਤੀਖਣ ਭਾਵਨਾ ਨਾਲ ਤਾਹਨੇ-ਮਿਹਣੇ ਅਥਵਾ 'ਬੋਲਾਂ ਦੇ ਤੀਰ' ਮਾਰੇ ਜਾਂਦੇ ਹਨ,** ਸੁਣਨ ਵਾਲੇ ਦੇ ਮਨ-ਚਿਤ ਵਿਚ ਉਤਨਾ ਹੀ **ਗਹਿਰਾ 'ਜ਼ਖਮ' ਹੋ ਜਾਂਦਾ ਹੈ,** ਜਿਸ ਨੂੰ ਸਾਰੀ ਉਮਰ **'ਯਾਦ' ਦੁਆਰਾ ਘੋਟ-ਘੋਟ ਕੇ ਅਤਿਅੰਤ ਦੁਖੀ ਹੁੰਦੇ ਰਹਿੰਦੇ ਹਾਂ ਅਤੇ ਅਤਿਅੰਤ ਤੀਖਣ ਤੇ ਸ਼ਕਤੀਮਾਨ ਬਣਾ ਲੈਂਦੇ ਹਾਂ ।** ਜਿਸ ਦੀ ਨੋਕ 'ਥੋਹਰ ਦੇ ਕੰਡੇ' ਵਾਂਗ, **ਹਰ ਵਾਰ 'ਯਾਦ' ਅਥਵਾ 'ਸੰਗਤ' ਕਰਦਿਆਂ ਹੋਰ ਡੂੰਘੀ ਨਿੱਘਰਦੀ ਜਾਂਦੀ ਹੈ ।** ਇਸ ਤਰ੍ਹਾਂ **'ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ'** ਵਾਲੀ ਹਾਲਤ ਹੋ ਜਾਂਦੀ ਹੈ ਅਤੇ ਘਿਰਨਾਂ ਦੀਆਂ ਜ਼ਹਿਰੀਲੀਆਂ ਭਾਵਨਾਂ ਵਿਚ ਸੜਦੇ, ਬਲਦੇ ਅਤੇ ਕੁਲਝਦੇ ਨਰਕ ਭੋਗਦੇ ਰਹਿੰਦੇ ਹਾਂ ।

ਇਥੇ **'ਦ੍ਰੋਪਤੀ'** ਦਾ ਇਤਿਹਾਸਕ ਉਦਾਹਰਣ ਭੀ ਠੀਕ ਢੁਕਦਾ ਹੈ ਕਿ ਇਕ ਸਮੇਂ ਜਦੋਂ ਮਖੌਲ ਨਾਲ ਉਸ ਨੇ ਕਿਹਾ ਕਿ 'ਅੰਨ੍ਹਿਆਂ ਦੇ ਅੰਨ੍ਹੇ ਹੀ ਹੁੰਦੇ ਹਨ', ਤਾਂ **ਇਹ 'ਬੋਲ' ਤੀਖਣ ਬਾਣ ਵਾਂਗ ਜਾ ਲਗੇ** ਤੇ ਇਸ ਬਚਨ ਦੀ 'ਕੁਸੰਗਤ' ਦਾ ਇਤਨਾ

ਗੂੜ੍ਹਾ, ਗਹਿਰਾ ਤੇ ਤੀਖਣ ਜ਼ਖਮ ਹੋ ਗਿਆ, ਜਿਸ ਦੇ ਨਤੀਜੇ ਵਜੋਂ 'ਦ੍ਰੋਪਤੀ' ਨੂੰ ਭਰੀ ਸਭਾ ਵਿਚ ਨਗਨ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ **ਕੁਰਸ਼ੇਤਰ ਵਿਚ 'ਮਹਾਂਭਾਰਤ' ਜੰਗ ਹੋਇਆ,** ਜਿਸ ਭਿਆਨਕ ਲੜਾਈ ਵਿਚ ਬੇਅੰਤ ਖਲਕਤ ਮਾਰੀ ਗਈ ।

ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦ੍ਰੋਪਤੀ ਆਂਦੀ ।
ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ । (ਵਾ.ਭਾ.ਗੁ. ੧੦/੮)

ਗੁਰਬਾਣੀ ਵਿਚ ਫਿਕਾ ਬੋਲਣ ਦੀ ਇਉਂ ਨਿਖੇਧੀ ਤੇ ਮਨਾਹੀ ਕੀਤੀ ਗਈ ਹੈ —

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ (ਪੰਨਾ-੪੭੩)

ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥ (ਪੰਨਾ-੫੬੬)

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ (ਪੰਨਾ-੪੭੩)

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥ (ਪੰਨਾ-੧੩੮੪)

ਜਿਸ ਤਰ੍ਹਾਂ **ਕੰਡਾ ਉਸੇ ਵੇਲੇ ਕੱਢ ਦਿਤਾ ਜਾਵੇ** ਤਾਂ ਉਸ ਕੰਡੇ ਤੋਂ ਉਪਜਣ ਵਾਲੇ **ਦੁੱਖ-ਕਲੇਸ਼ ਤੋਂ ਬਚ ਜਾਈਦਾ ਹੈ ।** ਉਸੇ ਤਰ੍ਹਾਂ ਜੇਕਰ ਤਾਹਨਿਆਂ-ਮਿਹਣਿਆਂ ਅਥਵਾ ਕੌੜੇ **ਤੀਖਣ ਬੋਲਾਂ ਨੂੰ ਉਸੇ ਵੇਲੇ 'ਹੋਊ' ਯਾ 'ਕੋਈ ਨਾ' ਕਹਿ ਕੇ ਭੁਲਾ ਦਿਤਾ ਜਾਵੇ ਤਾਂ ਇਨ੍ਹਾਂ 'ਬੋਲਾਂ' ਦਾ ਸਾਡੇ ਹਿਰਦੇ ਉਤੇ ਕੋਈ 'ਅਸਰ' ਨਹੀਂ ਹੋ ਸਕਦਾ** — ਪਰ ਜੇ ਇਹਨਾਂ ਤਾਹਨਿਆਂ-ਮਿਹਣਿਆਂ ਦੇ ਕਟਾਖਮਈ ਖੁਭਵੇਂ ਤੀਰਾਂ ਦੀ **ਮੁੜ-ਮੁੜ 'ਯਾਦ' ਯਾ 'ਸੰਗਤ' ਕੀਤੀ ਜਾਵੇ** ਤਾਂ ਇਹ ਅਤਿਅੰਤ ਮਾਨਸਿਕ ਦੁੱਖਾਂ ਦਾ ਕਾਰਨ ਬਣਦੇ ਹਨ ਅਤੇ ਸਾਡੇ ਤਨ, ਮਨ, ਹਿਰਦੇ ਅਤੇ **ਅੰਤਿਸ਼ਕਰਨ ਵਿਚ ਧਸ-ਵਸ-ਰਸ ਕੇ ਅਗਲੇ ਜਨਮਾਂ ਵਿਚ ਭੀ 'ਰੂਹ' ਦੇ ਨਾਲ ਜਾਂਦੇ ਹਨ ।**

ਏਥੇ ਹੀ ਬਸ ਨਹੀਂ — ਐਸੇ **ਕਟਾਖਮਈ ਤੀਖਣ ਬੋਲਾਂ ਨੂੰ ਮਨ ਵਿਚ ਘੋਟ ਕੇ ਅਭਿਆਸ ਕਰਦਿਆਂ ਇਹ ਅੱਖਰ 'ਰੂਪਮਾਨ' ਹੋ ਕੇ 'ਸਾਕਸ਼ਾਤ' ਹੋ ਜਾਂਦੇ ਹਨ, ਮਾਨਸਿਕ 'ਭੂਤ-ਪ੍ਰੇਤ' ਦੀ ਸ਼ਕਲ ਧਾਰ ਕੇ ਸਾਨੂੰ ਡਰਾਉਂਦੇ ਰਹਿੰਦੇ ਹਨ** ਅਤੇ ਉਨ੍ਹਾਂ **ਕਟਾਖਮਈ ਬੋਲਾਂ ਦੀ 'ਅਣਹੋਂਦੀ ਆਵਾਜ਼' ਸਾਡੇ ਸੂਖਮ ਕੰਨਾਂ ਵਿਚ ਦਿਨ-ਰਾਤ ਗੂੰਜਦੀ ਰਹਿੰਦੀ ਹੈ ਜਿਸ ਨਾਲ ਅਸੀਂ ਹੋਰ ਭੀ ਦੁਖੀ ਹੁੰਦੇ ਹਾਂ ।**

ਦੂਜੇ ਲਫ਼ਜ਼ਾਂ ਵਿਚ ਅਸੀਂ ਇਨ੍ਹਾਂ ਤਾਹਨਿਆਂ-ਮਿਹਣਿਆਂ ਨੂੰ ਮੁੜ-ਮੁੜ 'ਯਾਦ' ਦੁਆਰਾ ਘੋਟ-ਘੋਟ ਕੇ, ਡਰਾਉਣੇ 'ਪ੍ਰੇਤਾਂ' ਵਾਂਗ ਰੂਪਮਾਨ ਬਣਾ ਕੇ, ਉਹਨਾਂ ਨਾਲ ਦਿਨ ਰਾਤ **'ਮੇਲ-ਜੋਲ'** ਅਥਵਾ **'ਸੰਗ' ਕਰਦੇ ਰਹਿੰਦੇ ਹਾਂ** ਅਤੇ ਸੂਖਮ ਤੌਰ ਤੇ ਵਾਦ-ਵਿਵਾਦ ਤੇ ਝਗੜੇ ਕਰਦੇ ਹਾਂ । ਐਸੀ **ਲਗਾਤਾਰ ਕੁਲਝਣਾਂ** ਨਾਲ ਦਿਮਾਗ ਤੇ ਅਤਿਅੰਤ ਭੈੜਾ

ਅਸਰ ਹੁੰਦਾ ਹੈ ਜਿਸ ਨਾਲ ਵਹਿਮ ਦੇ ਸ਼ਿਕਾਰ ਹੋ ਕੇ **ਮਾਨਸਿਕ ਰੋਗੀ ਤੇ ਪਾਗਲ ਭੀ ਹੋ ਜਾਂਦੇ ਹਨ** ।

ਇਸ ਦੇ ਬਿਲਕੁਲ **ਉਲਟ** – ਜਦ ਗੁਰ ਪ੍ਰਸਾਦਿ ਦੁਆਰਾ ਬਖਸ਼ੇ ਹੋਏ ਗੁਰਮੁਖ ਪਿਆਰਿਆਂ, ਸਤਸੰਗੀਆਂ ਪਾਸੋਂ ਗੁਜ਼ਰੇ ਹੋਏ ਪਿਆਰ ਵਾਲੇ ਗੁਰਮੁਖਾਂ ਦੀਆਂ 'ਸ਼ਰਧਾ-ਭਾਵਨੀ' ਵਾਲੀਆਂ **'ਗੱਲਾਂ' ਯਾ ਕਥਾ ਕਹਾਣੀਆਂ** ਸੁਣਦੇ ਹਾਂ, ਤਾਂ ਇਨ੍ਹਾਂ ਗੁਰਮੁਖ ਪਿਆਰਿਆਂ ਦੀ **'ਖ਼ਿਆਲੀ ਸੰਗਤ'** ਕਰ ਰਹੇ ਹੁੰਦੇ ਹਾਂ ਅਤੇ ਅਸੀਂ ਉਹਨਾਂ ਦੇ 'ਗੁਰਮੁਖੀ ਸਰੂਪ' ਦੇ –

ਦਰਸ਼ਨ ਕਰਦੇ ਹਾਂ
ਮੇਲ-ਮਿਲਾਪ ਕਰਦੇ ਹਾਂ
ਸਤਿ ਸੰਗਤ ਕਰਦੇ ਹਾਂ
ਸਾਧ ਸੰਗਤ ਕਰਦੇ ਹਾਂ
ਲੇਵਾ-ਦੇਵੀ ਕਰਦੇ ਹਾਂ
ਆਤਮਿਕ ਲਾਹਾ ਲੈਂਦੇ ਹਾਂ
ਆਤਮਿਕ ਵਣਜ ਵਪਾਰ ਕਰਦੇ ਹਾਂ
ਪ੍ਰੇਮ-ਭਾਵਨਾ ਮਾਣਦੇ ਹਾਂ
'ਪ੍ਰਿਮ-ਰਸ' ਭੁੰਚਦੇ ਹਾਂ
ਸ਼ਰਧਾ ਭਾਵਨੀ ਉਪਜਦੀ ਹੈ
ਰਹਿਸਮਈ ਰੰਗ ਮਾਣਦੇ ਹਾਂ
ਪ੍ਰੇਮ-ਸਵੈਪਨਾ ਵਿਚ ਉਡਾਰੀਆਂ ਲਾਉਂਦੇ ਹਾਂ
ਪ੍ਰੀਤ ਡੋਰੀ ਦੀ ਪੀਂਘ ਝੂਟਦੇ ਹਾਂ
ਆਤਮਿਕ ਰਸ ਵਿਚ ਅਲਮਸਤ ਮਤਵਾਰੇ ਹੁੰਦੇ ਹਾਂ
ਸੁਖ-ਸ਼ਾਂਤੀ ਮਾਣਦੇ ਹਾਂ
ਜਨਮ ਸਫਲਾ ਕਰਦੇ ਹਾਂ
ਜਮਾਂ ਤੋਂ ਬਚਦੇ ਹਾਂ
ਆਵਾਗਵਨ ਦੇ ਫੇਰ ਤੋਂ ਬਚਦੇ ਹਾਂ
ਗੁਰੂ ਦੇ ਚਰਨਾਂ ਵਿਚ ਸਮਾਉਂਦੇ ਹਾਂ ।

ਇਸ **ਆਤਮਿਕ ਗੁਰਮੁਖ ਅਵਸਥਾ ਵਿਚ ਜੇ ਕੋਈ ਸਾਨੂੰ 'ਬੋਲ' ਯਾ 'ਤਾਹਨਾ-ਮਿਹਣਾ' ਭੀ ਮਾਰੇ** ਤਾਂ ਉਸ ਨੂੰ ਸਾਡਾ ਮਨ **ਨਹੀਂ 'ਪਕੜਦਾ' ਤੇ ਉਹ 'ਉਤੋਂ ਦੀ ਲੰਘ ਜਾਂਦਾ' ਹੈ ਅਥਵਾ 'ਸੁਣ ਕੇ ਅਣਸੁਣਾ' ਹੋ ਜਾਂਦਾ ਹੈ** । ਐਸੀ ਉਚੀ-ਸੁਚੀ ਅਵਸਥਾ ਨੂੰ ਇਉਂ ਸਨਮਾਨਿਆ ਗਿਆ ਹੈ –

ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ ॥ (ਪੰਨਾ-੪੦੨)

ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥ (ਪੰਨਾ-੫੨੮)

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥...
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
(ਪੰਨਾ-੬੩੩)

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥ (ਪੰਨਾ-੯੬੩)

ਇਸ ਗੁਰਮੁਖੀ ਅਵਸਥਾ ਵਿਚ ਰਸਨਾ ਤੋਂ **ਮਿਠੇ ਦਿਲ ਖਿਚਵੇਂ ਬੋਲ ਹੀ ਨਿਕਲਣਗੇ** ਜਿਨ੍ਹਾਂ ਨੂੰ ਸੁਣ ਕੇ ਯਾ ਉਨ੍ਹਾਂ ਨੂੰ ਯਾਦ ਕਰਕੇ ਅਥਵਾ **'ਸੰਗਤ' ਕਰਕੇ ਹੋਰ ਸਤਸੰਗੀਆਂ ਤੇ ਨਿਕਟਵਰਤੀ ਰੂਹਾਂ ਨੂੰ ਭੀ ਲਾਭ ਮਿਲਦਾ ਹੈ।**

ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ ॥ (ਪੰ.-੭੫੮)

ਦੂਜੇ ਲਫ਼ਜ਼ਾਂ ਵਿਚ **ਪਿਆਰੇ, ਮਿਠੇ, ਸੁਖਾਵੇਂ, ਦਿਲ-ਖਿੱਚਵੇਂ ਬਚਨਾਂ ਦੁਆਰਾ ਕਠੋਰ ਮਨੂਰ ਹਿਰਦਿਆਂ ਵਿਚ ਭੀ ਪਿਆਰ ਉਪਜਦਾ ਹੈ ਤੇ ਆਤਮਿਕ ਪ੍ਰਸੰਨਤਾ ਅਤੇ ਸ਼ਾਂਤੀ ਮਿਲਦੀ ਹੈ ।**

ਇਸ ਲਈ ਸਾਨੂੰ ਮਿਠੇ ਬਚਨ **'ਬੋਲਣ'** ਦਾ ਤਾਕੀਦੀ ਹੁਕਮ ਹੈ ।

ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰਧਾਰਿ ॥
ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥ (ਪੰਨਾ-੩੧)

ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ ॥ (ਪੰਨਾ-੮੫੩)

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ (ਪੰਨਾ-੧੩੮੪)

ਗੁਰਮੁਖਿ ਮਿਠਾ ਬੋਲਣਾ ਜੋ ਬੋਲੈ ਸੋਈ ਜਪੁ ਜਾਪੈ । (ਵਾ. ਭਾ. ਗੁ. ੬/੧੮)

ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ। (ਵਾ. ਭਾ. ਗੁ. ੮/੨੪)

ਬਲਿਹਾਰੀ ਤਿਨ੍ਹਾਂ ਗੁਰਸਿਖਾਂ ਗੁਰਮਤਿ ਬੋਲ ਬੋਲਦੇ ਮਿਠਾ ।(ਵਾ. ਭਾ. ਗੁ. ੧੨/੧)

**ਗੁਰਬਾਣੀ** ਸਤਿਗੁਰੂ ਜੀ ਦੇ ਮੁਖਾਰਬਿੰਦ ਵਿਚੋਂ ਉਚਰੀ ਹੋਈ ਹੈ । ਇਹ ਬਾਣੀ ਅਥਵਾ 'ਬਚਨ' **ਸਤਿਗੁਰਾਂ ਦੇ 'ਰਸ ਮਈ', 'ਮਿਠੇ' ਅਤੇ 'ਪ੍ਰਿਮ ਰਸ' ਵਾਲੇ ਆਤਮਿਕ ਹਿਰਦੇ ਦੀਆਂ ਸੂਖਮ ਪ੍ਰੇਮ ਸਵੈਪਨਾ ਦੀ ਲਖਾਇਕ ਹੈ,** ਜਿਸ ਕਰਕੇ ਇਸ 'ਬਾਣੀ' ਨੂੰ **'ਧੁਰ ਕੀ ਬਾਣੀ' ਅਥਵਾ 'ਸਤਿਗੁਰ ਬਚਨ' ਕਿਹਾ ਗਿਆ ਹੈ ।**

ਐਸੀ ਇਲਾਹੀ ਬਾਣੀ ਦੇ ਪਾਠ ਕਰਨ, ਸਰਵਣ ਕਰਨ, ਵਿਚਾਰ ਕਰਨ, ਅੰਤ੍ਰੀਵ ਭਾਵ ਮਾਨਣ, ਕੀਰਤਨ ਕਰਨ, ਸੰਗਤ ਕਰਨ, ਰਸ ਲੈਣ, ਰੰਗ ਮਾਨਣ ਅਤੇ 'ਜੀਅਹੁ

ਜਾਣਨ' ਨਾਲ ਜਗਿਆਸੂ **'ਬਾਣੀ ਰੂਪ' ਹੀ ਹੋ ਜਾਂਦਾ ਹੈ** ਅਤੇ ਸਤਿਗੁਰੂ ਜੀ ਦੀ **ਸਮੀਪਤਾ ਅਤੇ ਦਰਸ਼ਨਾਂ ਦਾ ਵਡਭਾਗੀ ਬਣਦਾ ਹੈ ।**

ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥ (ਪੰਨਾ-੩੬)

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥
ਜਲਨਿ ਬੁਝੀ ਸੀਤਲੁ ਹੋਇ ਮਨੂਆ
ਸਤਿਗੁਰ ਕਾ ਦਰਸਨੁ ਪਾਏ ਜੀਉ ॥ (ਪੰਨਾ-੧੦੩)

ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥ (ਪੰਨਾ-੩੬੦)

ਸਤਿਗੁਰ ਬਚਨ ਤੁਮਾਰੇ ॥ ਨਿਰਗੁਣ ਨਿਸਤਾਰੇ ॥ (ਪੰਨਾ-੪੦੬)

ਪੂਰੇ ਗੁਰ ਕੀ ਪੂਰੀ ਬਾਣੀ ॥ ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥ (ਪੰਨਾ-੧੦੭੪)

**7. ਨਿਗਾਹ ਦੀ ਸੰਗਤ :—**

ਬਿਜਲੀ ਦਾ 'ਕਰੰਟ' (electric current) ਤਾਰਾਂ ਵਿਚ ਗੁਪਤ ਰਵਿ ਰਹਿਆ ਭਰਪੂਰ ਹੁੰਦਾ ਹੈ ਪਰ ਇਸ ਕਰੰਟ ਦਾ ਪ੍ਰਗਟਾਵਾ ਕਿਸੇ **ਖ਼ਾਸ ਪੁਆਇੰਟ** (point) ਜਿਹਾ ਕਿ 'ਬਲਬ' (bulb) ਰਾਹੀਂ ਹੀ ਪ੍ਰਗਟ ਹੁੰਦਾ ਹੈ ।

ਕਰੰਟ ਦੀ ਸ਼ਕਤੀ (voltage) ਅਨੁਸਾਰ ਹੀ 'ਬਲਬ' ਵਿਚੋਂ ਘੱਟ ਯਾ ਵੱਧ ਰੌਸ਼ਨੀ ਪ੍ਰਗਟ ਹੁੰਦੀ ਹੈ ।

ਹਰ ਇਕ 'ਜੀਵ' ਦੇ ਅੰਤ੍-ਆਤਮੇ **ਇਲਾਹੀ 'ਜੀਵਨ ਰੌ'** (Divine current) **ਹਮੇਸ਼ਾਂ ਗੁਪਤੀ ਰਵਿ ਰਹੀ ਭਰਪੂਰ ਹੈ ।** ਇਹ ਇਲਾਹੀ ਜੀਵਨ-ਰੌ ਅਥਵਾ **'ਰੱਬੀ-ਜੋਤ' ਦੇ ਪ੍ਰਗਟਾਵੇ ਦਾ ਬਾਹਰਮੁਖੀ ਪੁਆਇੰਟ ਸਾਡੀਆਂ 'ਅੱਖਾਂ' ਹੀ ਹਨ ।** ਇਸ **ਜੋਤ ਦੀ ਰੌਸ਼ਨੀ ਦਾ ਅੱਖਾਂ ਰਾਹੀਂ ਪ੍ਰਗਟਾਵਾ ਸਾਡੇ ਮਨ ਦੀ 'ਰੰਗਤ' ਅਨੁਸਾਰ ਵਧਦਾ-ਘਟਦਾ ਰਹਿੰਦਾ ਹੈ ।** ਜੇ ਸਾਡੇ ਮਨ ਦੀ ਰੰਗਤ **ਬਹੁਤ ਮੈਲੀ ਹੋਵੇ** ਤਾਂ ਅੱਖਾਂ ਦੀ ਰੌਸ਼ਨੀ ਭੀ **ਮਲੀਨ ਹੋ ਜਾਂਦੀ ਹੈ ।** ਇਸ ਦੇ ਉਲਟ ਜੇ ਮਨ **'ਨਿਰਮਲ' ਹੋਵੇ ਤਾਂ ਸਾਡੀ 'ਨਿਗਾਹ' ਦੀ 'ਜੋਤ' ਸ਼ਕਤੀਮਾਨ ਤੇ ਤੀਖਣ ਹੋ ਜਾਂਦੀ ਹੈ ।**

ਦੂਜੇ ਲਫ਼ਜ਼ਾਂ ਵਿਚ ਸਾਡੀ **'ਨਿਗਾਹ' ਦੀ ਸ਼ਕਤੀ ਉਤੇ ਸਾਡੇ ਮਨ ਦੀ 'ਰੰਗਤ' ਦਾ ਅਸਰ ਹੁੰਦਾ ਹੈ ।** ਇਹੋ ਕਾਰਨ ਹੈ ਕਿ **ਜਦ ਮਨ 'ਕ੍ਰੋਧ' ਵਿਚ ਹੁੰਦਾ ਹੈ ਤਾਂ ਸਾਡੀ 'ਨਿਗਾਹ' ਡਰਾਉਣੀ ਹੋ ਜਾਂਦੀ ਹੈ** ਅਤੇ ਜੇ ਸਾਡੇ ਮਨ ਵਿਚ ਹਮਦਰਦੀ, ਤਰਸ, ਪਿਆਰ ਦੇ ਵਲਵਲੇ ਹੋਣ ਤਾਂ ਸਾਡੀ **'ਨਿਗਾਹ' ਅਥਵਾ 'ਨਦਰ' ਵਿਚ ਇਹਨਾਂ 'ਦੈਵੀ ਗੁਣਾਂ' ਦੀ 'ਝਲਕ' ਦਿਖਾਈ ਦਿੰਦੀ ਹੈ ।**

ਹੋਤਾ ਹੈ ਰਾਜ਼ ਏ ਇਸ਼ਕ ਓ ਮੁਹੱਬਤ ਕਾ, ਇਨਹੀਂ ਸੇ ਪਰਦਾ ਫ਼ਾਸ਼
**ਆਂਖੇਂ ਜ਼ੁਬਾਂ ਨਹੀਂ ਹੈਂ, ਮਗਰ ਬੇ-ਜ਼ੁਬਾਂ ਭੀ ਨਹੀਂ ।**

**ਮਲੀਨ ਤੇ ਨੀਵੀਂ ਭਾਵਨਾ ਵਾਲੀ 'ਨਿਗਾਹ' ਦੁਆਰਾ ਹੀ** ਕਾਮ, ਕ੍ਰੋਧ, ਲੋਭ, ਮੋਹ, ਡਰ, ਸ਼ੱਕ, ਸਾੜਾ, ਈਰਖਾ, ਦਵੈਤ, ਘਿਰਨਾ ਤੇ ਵੈਰ-ਵਿਰੋਧ **ਦੇ ਵਲਵਲਿਆਂ ਅਤੇ ਭਾਵਨਾਵਾਂ ਦਾ ਪ੍ਰਤੱਖ ਪ੍ਰਗਟਾਵਾ ਹੁੰਦਾ ਹੈ ।**

ਦੂਜੇ ਪਾਸੇ **'ਦੈਵੀ ਗੁਣਾਂ' ਦੀਆਂ ਭਾਵਨਾਵਾਂ ਵਾਲੀ 'ਨਿਗਾਹ' ਦੁਆਰਾ** ਹਮਦਰਦੀ, ਦਇਆ, ਖ਼ਿਮਾ, ਸਤਿਕਾਰ, ਸ਼ਰਧਾ, ਭਰੋਸਾ, ਪ੍ਰੇਮ, ਪ੍ਰੀਤ, ਪਿਆਰ ਤੇ ਪਰਉਪਕਾਰ **ਦੀਆਂ ਪ੍ਰਬਲ ਭਾਵਨਾਵਾਂ ਦਾ ਪ੍ਰਗਟਾਵਾ ਹੁੰਦਾ ਹੈ ।**

ਦੂਜੇ ਲਫ਼ਜ਼ਾਂ ਵਿਚ ਸਾਡੇ **ਮਨ ਦੀ 'ਰੰਗਤ' ਹੀ ਸਾਡੀ 'ਐਨਕ' ਹੈ,** ਜਿਸ ਅਨੁਸਾਰ **ਸਾਡੀ 'ਨਿਗਾਹ' ਦੀ ਚੰਗੀ-ਮਾੜੀ 'ਝਲਕ' ਦਾ ਪ੍ਰਗਟਾਵਾ ਹੁੰਦਾ ਹੈ ।**

ਜਦ ਇਕੋ 'ਸਤਹ' (wave length) ਵਾਲੀਆਂ ਦੋ ਰੂਹਾਂ ਦੀਆਂ **'ਨਿਗਾਹਾਂ' ਦਾ ਮੇਲ ਯਾ 'ਸੰਗਤ' ਹੁੰਦੀ ਹੈ** ਤਾਂ ਉਹ **ਇਕ ਦੂਜੇ ਵਲ ਖਿਚੀਆਂ ਜਾਂਦੀਆਂ ਹਨ** ਅਤੇ ਇਸ ਨੂੰ **ਕੁਦਰਤੀ 'ਮੇਲ' ਕਿਹਾ ਜਾਂਦਾ ਹੈ, ਜੋ ਅਤਿਅੰਤ ਸੁਹਾਵਣਾ ਤੇ ਸੁਖਦਾਈ ਹੁੰਦਾ ਹੈ ।**

ਇਸੇ ਤਰ੍ਹਾਂ ਇਕੋ 'ਸਤਹ' ਉਤੇ **ਪਿਆਰ ਵਾਲੀਆਂ ਦੋ ਰੂਹਾਂ ਦੀਆਂ 'ਨਿਗਾਹਾਂ' ਮਿਲ ਜਾਣ ਤਾਂ ਉਸ ਨੂੰ** :—

**ਅੰਤ੍ਰ-ਆਤਮੇ ਮੇਲ**
**ਆਤਮਿਕ ਸੰਗਤ**

ਦਿਲਾਂ ਦੇ ਸੌਦੇ, ਰੂਹਾਂ ਦੀ ਲੇਵਾ-ਦੇਵੀ, ਪ੍ਰੀਤ, ਪ੍ਰੇਮ, ਪਿਆਰ, ਪ੍ਰੀਤ-ਡੋਰੀ, ਚੁਪ-ਪ੍ਰੀਤ, ਇਸ਼ਕ ਕਿਹਾ ਜਾਂਦਾ ਹੈ ।

**ਐਸੀ 'ਨਿਗਾਹ' ਦੀ ਇਕ 'ਤੱਕਣੀ' ਦੁਆਰਾ ਦੋ ਰੂਹਾਂ ਦੇ 'ਮੇਲ' ਨੂੰ ਗੁਰਬਾਣੀ ਵਿਚ ਸਨਮਾਨਿਆ ਗਿਆ ਹੈ ।**

ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥ (ਪੰਨਾ-੭੯੧)

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ ।

(ਵਾ. ਭਾ. ਗੁ. ੧੨/੨)

ਸਤਿਗੁਰ ਦੀ **'ਨਦਰਿ ਕਰਮ'** ਅਤੇ ਬਖਸ਼ਿਆਂ ਹੋਇਆਂ ਗੁਰਮੁਖ ਪਿਆਰਿਆਂ ਦੀ **ਨਿਗਾਹ ਰਾਹੀਂ** :—

ਜਨਮਾਂ-ਜਨਮਾਂ ਦੀ ਮੈਲ ਕੱਟੀ ਜਾਂਦੀ ਹੈ ।
ਕੋਟ ਪਾਪ ਕਟੇ ਜਾਂਦੇ ਹਨ ।
ਮਨ ਨਿਰਮਲ ਹੋ ਜਾਂਦਾ ਹੈ ।

ਮਨ ਰੱਬੀ ਪਿਆਰ ਦੀ ਖਿੱਚ ਖਾਣ ਲਗਦਾ ਹੈ ।
ਮਨ ਦੀ ਕਸਵਟੀ ਉਚੇਰੀ ਹੁੰਦੀ ਜਾਂਦੀ ਹੈ ।
'ਚੁਣੌਤੀ' ਵੀ ਸਹੀ ਹੁੰਦੀ ਜਾਂਦੀ ਹੈ ।
'ਬਿਬੇਕ ਬੁਧੀ' ਪ੍ਰਕਾਸ਼ਤ ਹੁੰਦੀ ਹੈ ।
'ਹੁਕਮ' ਬੁਝਿਆ ਜਾਂਦਾ ਹੈ ।
ਆਵਾਗਮਨ ਮਿਟੰ ਜਾਂਦਾ ਹੈ ।
ਜਮਾਂ ਤੋਂ ਛੁਟਕਾਰਾ ਹੋ ਜਾਂਦਾ ਹੈ ।

ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥ (ਪੰਨਾ-੮)

ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥ (ਪੰਨਾ-੨੮)

ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤ ਬਰਸੀ ॥ (ਪੰਨਾ-੨੭੩)

ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ ॥ (ਪੰਨਾ-੯੬੧)

ਜਿਸ ਨੋ ਨਦਰਿ ਹੋਵੈ ਧੁਰਿ ਤੇਰੀ ॥
ਮਰੈ ਨ ਜੰਮੈ ਚੂਕੈ ਫੇਰੀ ॥ (ਪੰਨਾ-੧੦੫੨)

ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥
ਤਿਸੁ ਜਨ ਕੇ ਸਭਿ ਕਾਜ ਸਵਾਰਿ ॥ (ਪੰਨਾ-੧੧੩੯-੪੦)

ਕ੍ਰਿਪਾ ਕਟਾਖ੍ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥ (ਪੰਨਾ-੬੮੧)

ਯੱਕ ਨਿਗਾਹੇ ਲੁਤਫ਼ਿ ਤੋ ਦਿਲ ਮੇ-ਬੁਰਦ ॥
ਬਾਜ਼ੁ ਮੇ ਦਾਰਮ ਅਜ਼ਾਂ ਈ ਇਹਤਿਆਜ ॥ (ਭਾ. ਨੰਦ ਲਾਲ ਗਜ਼ਲ ਨੰ. ੧੬)

ਇਸ ਤਰ੍ਹਾਂ **'ਨਿਗਾਹ ਦੇ ਮੇਲ'** ਦੁਆਰਾ ਹੀ 'ਜੀਵਾਂ' ਦੀ ਆਪਸ ਵਿਚ, ਚੰਗੀ ਯਾ ਮਾੜੀ 'ਸੰਗਤ' ਅਨੁਸਾਰ, **ਲੇਵਾ-ਦੇਵੀ ਹੁੰਦੀ ਰਹਿੰਦੀ ਹੈ ।**

**ਇਸ 'ਨਿਗਾਹ' ਦੁਆਰਾ 'ਮੇਲ' ਅਥਵਾ 'ਸੰਗਤ' ਦੇ ਨਤੀਜਿਆਂ ਦਾ, ਉਦਾਹਰਣ** ਦਿਤਾ ਜਾਂਦਾ ਹੈ : —

**'ਇਸਤਰੀ'** ਦੀ ਹਸਤੀ ਇਕੋ ਹੁੰਦੀ ਹੈ, ਪਰ ਉਸ ਨੂੰ **ਦੇਖਣ ਵਾਲੀਆਂ ਅੱਖਾਂ ਦੇ ਪਿਛੇ 'ਭਾਵਨਾ' ਅਨੁਸਾਰ ਹੀ ਨਿਗਾਹ ਦੁਆਰਾ 'ਸੰਗਤ' ਅਤੇ ਲੇਵਾ-ਦੇਵੀ ਹੁੰਦੀ ਹੈ ।**

ਉਦਾਹਰਣ ਦੇ ਤੌਰ ਤੇ ਇਕੋ **ਇਸਤਰੀ** ਨੂੰ : —

ਬੱਚਾ — 'ਮਾਂ' ਦੀ ਭਾਵਨਾ ਨਾਲ ਲਾਡ ਕਰਦਾ ਹੈ ।

ਭਰਾ — 'ਭੈਣ' ਦੀ ਭਾਵਨਾ ਨਾਲ ਪਿਆਰ ਕਰਦਾ ਹੈ ।

ਮਾਂ-ਬਾਪ — 'ਬੇਟੀ' ਦੀ ਭਾਵਨਾ ਨਾਲ ਪ੍ਰਤਿਪਾਲਦੇ ਹਨ ।

ਪਤੀ — 'ਪਤਨੀ' ਦੀ ਭਾਵਨਾ ਨਾਲ ਪਿਆਰ ਕਰਦਾ ਹੈ ।

ਪਰਾਏ — 'ਨਾਰੀ' ਦਾ ਸਰੂਪ ਹੀ ਦੇਖਦੇ ਹਨ ।

ਕਾਮੀ — 'ਵਾਸ਼ਨਾਂ' ਨਾਲ ਤੱਕਦੇ ਹਨ ।

ਇਸ ਦਾ ਮਤਲਬ ਇਹ ਹੈ ਕਿ ਅਸੀਂ ਮਨ ਦੀ **ਭਾਵਨਾ ਰੂਪ 'ਐਨਕ' ਦੇ ਰੰਗ ਅਨੁਸਾਰ ਹੀ ਹਰ ਇਕ ਚੀਜ਼ ਯਾ ਜੀਵ ਨੂੰ** :—

ਵੇਖਦੇ ਹਾਂ ।
ਸਮਝਦੇ ਹਾਂ ।
ਪਰਖਦੇ ਹਾਂ ।
'ਸੰਗ' ਕਰਦੇ ਹਾਂ ।
ਵਰਤ-ਵਰਤਾਰਾ ਕਰਦੇ ਹਾਂ ।
ਲੇਵਾ-ਦੇਵੀ ਕਰਦੇ ਹਾਂ ।
ਵਣਜ-ਵਪਾਰ ਕਰਦੇ ਹਾਂ ।

ਦੂਜੇ ਲਫ਼ਜ਼ਾਂ ਵਿਚ ਸਾਡੀ **'ਨਿਗਾਹ' ਦੇ ਪਿਛੋਕੜ ਵਿਚ** ਮਾਨਸਿਕ ਅਤੇ ਆਤਮਿਕ **'ਰੰਗਤ' ਅਤੇ ਸ਼ਕਤੀ ਅਨੁਸਾਰ ਹੀ ਇਕ ਦੂਜੇ ਉਤੇ 'ਪ੍ਰਭਾਵ' ਪੈਂਦਾ ਹੈ ।**

ਇਸੇ ਤਰ੍ਹਾਂ **ਸ਼ਰਧਾਲੂ ਜਨ** — ਗੁਰੂਆਂ, ਅਵਤਾਰਾਂ, ਸਾਧਾਂ, ਸੰਤਾਂ ਅਥਵਾ 'ਰਬ' ਪ੍ਰਤੀ ਭੀ **ਆਪੋ-ਆਪਣੀ ਭਾਵਨਾ ਅਨੁਸਾਰ** —

ਸ਼ਰਧਾ-ਭਾਵਨੀ ਰਖਦੇ ਹਨ ।
ਦਰਸ਼ਨ ਕਰਦੇ ਹਨ ।
'ਸੰਗਤ' ਕਰਦੇ ਹਨ ।
ਸੇਵਾ ਕਰਦੇ ਹਨ ।
ਪੂਜਾ ਕਰਦੇ ਹਨ ।
ਲੇਵਾ-ਦੇਵੀ ਕਰਦੇ ਹਨ ।
ਲਾਹਾ ਲੈਂਦੇ ਹਾਂ ।

ਗੁਰਬਾਣੀ ਵਿਚ ਇਸ ਨੂੰ ਇਉਂ ਦਰਸਾਇਆ ਹੈ —

ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥
**ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥** (ਪੰਨਾ-੧੧੬)

**ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥** (ਪੰਨਾ-੩੦੨)

ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ॥ (ਪੰ.-੬੦੨)

ਦੂਜੇ ਲਫ਼ਜ਼ਾਂ ਵਿਚ **'ਨਿਗਾਹ' ਰਾਹੀਂ ਅਸੀਂ ਮਨ ਦੀ 'ਰੰਗਤ' ਦਾ ਅਸਰ ਬਾਹਰ ਪ੍ਰਗਟ ਕਰਦੇ ਹਾਂ,** ਅਤੇ **ਬਾਹਰੋਂ ਅੱਖਾਂ ਰਾਹੀਂ ਜੋ ਵੇਖਦੇ ਹਾਂ, ਉਸ ਦਾ 'ਅਸਰ' ਅਥਵਾ 'ਪ੍ਰਭਾਵ' ਆਪਣੇ ਮਨ, ਚਿਤ ਅਤੇ ਅੰਤਿਸ਼ਕਰਨ ਵਿਚ ਲੈ ਜਾਂਦੇ ਹਾਂ, ਜਿਸ ਨਾਲ ਮਨ ਦੀ 'ਰੰਗਤ' ਬਦਲਦੀ ਰਹਿੰਦੀ ਹੈ ।**

ਇਸ ਲਈ ਬਖਸ਼ੇ ਹੋਏ ਗੁਰਮੁਖ ਪਿਆਰਿਆਂ, ਸੰਤਾਂ, ਭਗਤਾਂ, ਮਹਾਂਪੁਰਖਾਂ ਦੇ **'ਦਰਸ਼ਨਾਂ' ਦੁਆਰਾ 'ਸੰਗਤ' ਕਰਨ ਨਾਲ ਬੇਅੰਤ ਦੈਵੀ ਗੁਣ ਉਪਜਦੇ ਹਨ ।**

ਗੁਰਬਾਣੀ ਵਿਚ ਭੀ ਮਹਾਂਪੁਰਖਾਂ ਦੇ ਦਰਸ਼ਨ ਦੀਦਾਰੇ ਕਰਨ ਲਈ ਇਉਂ ਪ੍ਰੇਰਨਾ ਕੀਤੀ ਗਈ ਹੈ ਅਤੇ ਜਾਚਨਾ ਸਿਖਾਈ ਹੈ —

ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ ॥
ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ॥ (ਪੰਨਾ-੧੦੨)

ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥
ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥ (ਪੰਨਾ-੭੦੩)

ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ ਸੰਗੁ ਜੀਉ ॥
ਸੰਤ ਸਜਨ ਮਨ ਮਿਤ੍ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥ (ਪੰਨਾ-੭੬੦)

ਸਾਧ ਕੈ ਸੰਗਿ ਨਹੀ ਕਛੁ ਘਾਲ ॥
**ਦਰਸਨੁ ਭੇਟਤ ਹੋਤ ਨਿਹਾਲ ॥** (ਪੰਨਾ-੨੭੨)

ਜਿਨ ਹਰਿ ਗਾਇਆ ਜਿਨ ਹਰਿ ਜਪਿਆ
ਤਿਨ ਸੰਗਤਿ ਹਰਿ ਮੇਲਹੁ ਕਰਿ ਮਇਆ ॥
ਤਿਨ ਕਾ ਦਰਸੁ ਦੇਖਿ ਸੁਖੁ ਪਾਇਆ ਦੁਖੁ ਹਉਮੈ ਰੋਗੁ ਗਇਆ ॥ (ਪੰਨਾ-੧੨੬੪)

**ਗੁਰ ਸਿਖੀ ਦਾ ਦੇਖਣਾ ਗੁਰਮੁਖਿ ਸਾਧਸੰਗਤਿ ਗੁਰਦੁਆਰਾ ।**
(ਵਾ. ਭਾ. ਗੁ. ੨੮/੭)

**'ਨਿਗਾਹ' ਅਥਵਾ 'ਨਦਰਿ' ਦੁਆਰਾ ਮਨ ਦੀ 'ਸਤਹ' ਅਨੁਸਾਰ ਹੀ** 'ਮੇਲ', 'ਸੰਗ', 'ਸੰਗਤ', 'ਪਰਸਨਾ', 'ਸਾਂਝ', 'ਲੇਵਾ-ਦੇਵੀ', ਬਿਉਹਾਰ ਹੁੰਦਾ ਹੈ ।

ਚਲਦਾ............

©ਸਭ ਹੱਕ ਰਾਖਵੇਂ ਹਨ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

**ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ** ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ:-

**Website : www.brahmbungadodra.org**
**E-mail : info@brahmbungadodra.org**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ**
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

### ❖ ਸ਼ਾਖਾ ❖

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ** (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

### ❖ ਪ੍ਰਕਾਸ਼ਕ ❖

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.**Harjit**PrintingPress.com S.C.F. 83, Phase 5, SAS Nagar (Mohali). Phones : +91-172-2226297, 5098297